Vote
Elections Calgary

ਆਮ ਚੋਣਾਂ ਦੀ ਤਰੀਕ:
**20 ਅਕਤੂਬਰ, 2025**


# ਵੋਟਰਾਂ ਲਈ ਨਿਰਦੇਸ਼

***ਫਾਰਮ 10 ਲੋਕਲ ਅਥਾਰਟੀਜ਼ ਇਲੈਕਸ਼ਨ ਐਕਟ (ਧਾਰਾ 45)***


## ਵੋਟ ਪਾਉਣ ਲਈ:

ਹਰੇਕ ਬੈਲਟ 'ਤੇ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਦੇ ਸਾਹਮਣੇ ਸੱਜੇ ਪਾਸੇ ਦਿੱਤੀ ਗਈ ਜਗ੍ਹਾ 'ਤੇ 'X' ਦਾ ਨਿਸ਼ਾਨ ਲਗਾਓ।

ਬੈਲਟ ਉਨ੍ਹਾਂ ਉਮੀਦਵਾਰਾਂ ਦੀ ਅਧਿਕਤਮ ਗਿਣਤੀ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਵੋਟ ਦਿੱਤੀ ਜਾ ਸਕਦੀ ਹੈ। ਤੁਸੀਂ ਅਧਿਕਤਮ ਸੰਖਿਆ ਤੋਂ ਘੱਟ ਲਈ ਵੋਟ ਪਾ ਸਕਦੇ ਹੋ, ਪਰ ਵਧ ਲਈ ਨਹੀਂ।



## ਆਪਣੇ ਬੈਲਟ(ਟਾਂ) 'ਤੇ ਨਿਸ਼ਾਨ ਲਗਾਉਣ ਦੇ ਤਰੀਕੇ ਦਾ ਉਦਾਹਰਣ:




ਆਪਣੀ ਪਸੰਦ ਦੇ ਉਮੀਦਵਾਰ ਦੇ ਨਾਲ ਬੈਲਟ 'ਤੇ 'X' ਦਾ ਨਿਸ਼ਾਨ ਲਗਾਓ।

ਉਮੀਦਵਾਰਾਂ ਦੀ ਅਧਿਕਤਮ ਸੰਖਿਆ ਜਿਸ ਨੂੰ ਵੋਟ ਦਿੱਤੀ ਜਾ ਸਕਦੀ ਹੈ, ਉਹ ਇੱਕ (1) ਹੈ।

## ਖਰਾਬ ਹੋ ਗਿਆ/ਗਏ ਬੈਲਟ

ਜੇਕਰ ਤੁਸੀਂ ਆਪਣੇ ਬੈਲਟ(ਟਾਂ) 'ਤੇ ਗਲਤੀ ਨਾਲ ਨਿਸ਼ਾਨ ਲਗਾ ਦਿੱਤਾ ਹੈ, ਜਾਂ ਉਸਨੂੰ ਕਿਸੇ ਵੀ ਤਰੀਕੇ ਨਾਲ ਖਰਾਬ ਕਰ ਦਿੱਤਾ ਹੈ, ਤਾਂ ਤੁਸੀਂ ਉਸਨੂੰ ਵਾਪਸ ਕਰ ਸਕਦੇ ਹੋ ਅਤੇ ਉਸ ਡਿਪਟੀ ਤੋਂ ਉਸਦੇ ਬਦਲੇ ਦੂਸਰਾ ਬੈਲਟ ਲੈ ਸਕਦੇ ਹੋ ਜਿਸਨੇ ਉਹ ਤੁਹਾਨੂੰ ਦਿੱਤਾ ਸੀ।


ਜੇ ਕਿਸੇ ਬੈਲਟ ਨੂੰ ਵੋਟਰ ਦੁਆਰਾ ਫਾੜ ਦਿੱਤਾ ਜਾਂਦਾ ਹੈ ਜਾਂ ਖਰਾਬ ਕਰ ਦਿੱਤਾ ਜਾਂਦਾ ਹੈ, ਜਾਂ ਉਸ ਨਾਲ ਇਸ ਤਰ੍ਹਾਂ ਨਜਿੱਠਿਆ ਜਾਂਦਾ ਹੈ ਤਾਂ ਜੋ ਵੋਟਰ ਦੀ ਪਛਾਣ ਕੀਤੀ ਜਾ ਸਕੇ, ਤਾਂ ਬੈਲਟ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਗਿਣਿਆ ਨਹੀਂ ਜਾਏਗਾ।

## ਆਪਣੇ ਬੈਲਟ(ਟਾਂ) 'ਤੇ ਨਿਸ਼ਾਨ ਲਗਾਉਣ ਤੋਂ ਬਾਅਦ:

ਹਰੇਕ ਬੈਲਟ ਨੂੰ ਇਸ ਤਰ੍ਹਾਂ ਮੋੜੋ ਕਿ ਤੁਹਾਡੇ ਨਿਸ਼ਾਨ ਲੁਕੇ ਰਹਿੰਦੇ ਹਨ ਅਤੇ ਬੈਲਟ(ਟਾਂ) ਜਾਰੀ ਕਰਨ ਵਾਲੇ ਡਿਪਟੀ ਦੇ ਨਾਮ ਦੇ ਛੋਟੇ ਅੱਖਰ ਦਿਖਾਈ ਦਿੰਦੇ ਹਨ।

ਬੈਲਟ(ਟਾਂ) ਨੂੰ ਬੈਲਟ ਬਾਕਸ ਦੀ ਨਿਗਰਾਨੀ ਕਰਨ ਵਾਲੇ ਡਿਪਟੀ ਨੂੰ ਦਿਓ। ਡਿਪਟੀ, ਬੈਲਟ(ਟਾਂ) 'ਤੇ ਨਾਮ ਦੇ ਛੋਟੇ ਅੱਖਰਾਂ ਦੀ ਪੁਸ਼ਟੀ ਕਰਨ ਤੋਂ ਬਾਅਦ, ਬੈਲਟ(ਟਾਂ) ਨੂੰ ਬੈਲਟ ਬਾਕਸ ਵਿੱਚ ਪਾਏਗਾ ਜਾਂ, ਤੁਹਾਡੀ ਬੇਨਤੀ 'ਤੇ, ਨਿਰਧਾਰਤ ਬੈਲਟ ਬਾਕਸ ਵਿੱਚ ਪਾਉਣ ਲਈ ਬੈਲਟ(ਟਾਂ) ਤੁਹਾਨੂੰ ਵਾਪਸ ਕਰ ਦੇਵੇਗਾ।

ਤੁਸੀਂ ਹੁਣ ਵੋਟਿੰਗ ਪ੍ਰਕਿਰਿਆ ਪੂਰੀ ਕਰ ਲਈ ਹੈ ਅਤੇ ਤੁਹਾਨੂੰ ਵੋਟਿੰਗ ਸਟੇਸ਼ਨ ਤੋਂ ਚਲੇ ਜਾਣਾ ਚਾਹੀਦਾ ਹੈ।




**ਇੱਕ ਵਿਅਕਤੀ ਕੇਵਲ ਇੱਕੋ ਵਾਰੀ ਹੀ ਵੋਟ ਪਾ ਸਕਦਾ ਹੈ।**
**ਬੈਲਟ ਨੂੰ ਵੋਟਿੰਗ ਸਟੇਸ਼ਨ ਤੋਂ ਬਾਹਰ ਲਿਜਾਉਣਾ ਇੱਕ ਅਪਰਾਧ ਹੈ।**

24-0041145 CRV-37379

EC-LAEA-10/S-3007